BRITISH COLUMBIA GURDWARAS COUNCIL | ਓਨਟੇਰੀਓ ਗੁਰਦੁਵਾਰਾਜ਼ ਕਮੇਟੀ ONTARIO GURDWARAS COMMITTEE | ੧ੴ ਸਤਿਗੁਰ ਪ੍ਰਸਾਦਿ ਰਾਜ ਕਰੇਗਾ ਖਾਲਸਾ QUEBEC SIKH COUNCILS

ਜੁਲਾਈ ੫, ੨੦੨੬

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ॥

ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ,

ਸਿੱਖ ਰਹਿਤ ਮਰਿਆਦਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਚਲਿਤ ਮਰਿਆਦਾ ਅਨੁਸਾਰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਵਾਜਾਈ ਬਹੁਤ ਹੀ ਉੱਚੇ ਸਤਿਕਾਰ, ਸਾਵਧਾਨੀ ਅਤੇ ਮਰਿਆਦਾ ਨਾਲ ਕੀਤੀ ਜਾਣੀ ਚਾਹੀਦੀ ਹੈ। ਪਾਵਨ ਸਰੂਪਾਂ ਨੂੰ ਸੁੱਚੇ ਰੁਮਾਲਿਆਂ ਵਿੱਚ ਲਪੇਟ ਕੇ, ਸਤਿਕਾਰ ਸਹਿਤ, ਮਰਿਆਦਾ ਅਨੁਸਾਰ ਸਿਰ ਉੱਤੇ ਜਾਂ ਪਾਲਕੀ ਸਾਹਿਬ ਵਿੱਚ ਲਿਜਾਇਆ ਜਾਂਦਾ ਹੈ। ਆਵਾਜਾਈ ਲਈ ਵਰਤਿਆ ਜਾਣ ਵਾਲਾ ਵਾਹਨ ਸਾਫ਼-ਸੁਥਰਾ, ਸੁਰੱਖਿਅਤ ਅਤੇ ਇਸ ਪਾਵਨ ਸੇਵਾ ਦੇ ਯੋਗ ਹੋਣਾ ਚਾਹੀਦਾ ਹੈ। ਪਾਵਨ ਸਰੂਪਾਂ ਨੂੰ ਕਿਸੇ ਵੀ ਹਾਲਤ ਵਿੱਚ ਆਮ ਕਾਰਗੋ ਜਾਂ ਵਪਾਰਕ ਸਮਾਨ ਵਾਂਗ ਨਹੀਂ ਰੱਖਿਆ ਜਾਣਾ ਚਾਹੀਦਾ ਅਤੇ ਨਮੀ, ਗਰਮੀ, ਧੂੜ ਜਾਂ ਕਿਸੇ ਵੀ ਤਰ੍ਹਾਂ ਦੇ ਸੰਭਾਵਿਤ ਨੁਕਸਾਨ ਤੋਂ ਪੂਰੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਆਪ ਜੀ ਅੱਗੇ ਬੇਨਤੀ ਹੈ ਕਿ ਜਿਸ ਤਰ੍ਹਾਂ ਆਪ ਜੀ ਨੇ ਹੇਠਾਂ ਲਿਖੀ ਈ-ਮੇਲ ਵਿਚ ਦੱਸਿਆ ਹੈ ਕਿ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, 8115–132 ਸਟ੍ਰੀਟ, ਸਰੀ, ਬ੍ਰਿਟਿਸ਼ ਕੋਲੰਬੀਆ ਪਾਸੋਂ ਮਾਮਲੇ ਸਬੰਧੀ ਤੁਰੰਤ ਰਿਪੋਰਟ ਮੰਗਵਾਈ ਹੈ", ਕੈਨੇਡਾ ਦੇ ਗੁਰਦੁਆਰਾ ਸਾਹਿਬਾਨ, ਜਥੇਬੰਦੀਆਂ ਅਤੇ ਸਿੱਖ ਸੰਗਤਾਂ ਵੱਲੋਂ ਕੁਝ ਨੁਮਾਇੰਦੇ ਵੀ ਆਪ ਜੀ ਨਾਲ ਵਿਚਾਰ ਕਰਨਾ ਜਰੂਰੀ ਸਮਝਦੇ ਹਨ ਅਕਾਲ ਤਖ਼ਤ ਸਾਹਿਬ ਵੱਲੋਂ ਆਦੇਸ਼ ਜ਼ਾਰੀ ਕਰਨ ਤੋਂ ਪਹਿਲੋਂ। ਸਾਡੀ ਆਸ ਹੈ ਕਿ ਇਸ ਵਿਚਾਰ ਦੇ ਨਾਲ ਪਿਛਲੇ ਲੰਬੇ ਸਮ੍ਹੇ ਤੋਂ ਜੋ ਚੱਲ ਰਿਹਾ ਹੈ ਸਾਡੇ ਨਗਰਾ ਵਿਚ ਇਸ ਵਿਸ਼ੇ ਸੰਬੰਧਤ ਓਹੁ ਸਹੀ ਰੂਪ ਵਿਚ ਆਪ ਜੀ ਨੂੰ ਜਾਣਕਾਰੀ ਮਿਲੇ।

ਇਸ ਪ੍ਰਸੰਗ ਵਿੱਚ ਸੰਗਤ ਵਿੱਚ ਗੰਭੀਰ ਚਿੰਤਾ ਪ੍ਰਗਟ ਕੀਤੀ ਗਈ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵੱਲੋਂ ੨੨੫ ਪਾਵਨ ਸਰੂਪ ਸਮੁੰਦਰੀ ਕੰਟੇਨਰ ਰਾਹੀਂ ਭੇਜੇ ਗਏ, ਜੋ ਲਗਭਗ ਦੋ ਮਹੀਨੇ ਤੱਕ ਕੰਟੇਨਰ ਵਿੱਚ ਰਹਿਣ ਤੋਂ ਬਾਅਦ ਸਰੀ ਪਹੁੰਚੇ। ਇਸ ਕਾਰਨ ਸੰਗਤ ਵਿੱਚ ਪਾਵਨ ਸਰੂਪਾਂ ਦੀ ਸੰਭਾਲ ਅਤੇ ਮਰਿਆਦਾ ਸਬੰਧੀ ਗੰਭੀਰ ਚਿੰਤਾ ਅਤੇ ਦੁੱਖ ਪੈਦਾ ਹੋਇਆ ਹੈ।

ਇਸ ਤੋਂ ਪਹਿਲਾਂ ਵੀ ੨੦੧੪ ਅਤੇ ੨੦੧੯ ਵਿੱਚ ਖਾਲਸਾ ਸਕੂਲ ਨਾਲ ਸੰਬੰਧਿਤ ਮਾਮਲਿਆਂ ਵਿੱਚ ਪਾਵਨ ਸਰੂਪਾਂ ਦੀ ਬੇਅਦਬੀ, ਸਰੂਪਾਂ ਦੇ ਸਸਕਾਰ ਅਤੇ ਹੋਰ ਗੰਭੀਰ ਦੋਸ਼ਾਂ ਸਬੰਧੀ ਉਠੇ ਮਾਮਲਿਆਂ ਬਾਰੇ ਅੱਜ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੋਈ ਅੰਤਿਮ ਫੈਸਲਾ ਜਾਂ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕੀਤੀ ਗਈ ਕਾਰਵਾਈ ਸੰਗਤ ਦੇ ਸਾਹਮਣੇ ਨਹੀਂ ਆਈ। ਇਸ ਕਾਰਨ ਸੰਗਤ ਵਿੱਚ ਇਹ ਚਿੰਤਾ ਹੋਰ ਵਧੀ ਹੈ ਕਿ ਅਜਿਹੇ ਮਾਮਲਿਆਂ ਵਿੱਚ ਸਮੇਂ ਸਿਰ, ਨਿਰਪੱਖ ਅਤੇ ਪਾਰਦਰਸ਼ੀ ਫੈਸਲੇ ਹੋਣੇ ਬਹੁਤ ਜ਼ਰੂਰੀ ਹਨ।

੫ ਜੁਲਾਈ ੨੦੨੬ ਨੂੰ ਹੋਈ ਸੰਗਤੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ ਗਏ:

੧. ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਦੇ ਨੁਮਾਇੰਦਿਆਂ ਨਾਲ ਗੱਲਬਾਤ ਹੋਣ ਅਤੇ ੨ ਜੁਲਾਈ ੨੦੨੬ ਨੂੰ ਲਈ ਵਿਸ਼ੇਸ਼ ਸਮਾਂ ਨਿਰਧਾਰਤ ਹੋਣ ਦੇ ਬਾਵਜੂਦ, ਬੀ.ਸੀ. ਗੁਰਦੁਆਰਾ ਕੌਂਸਲ ਦੇ ਨੁਮਾਇੰਦਿਆਂ ਅਤੇ ਇੱਕ ਗ੍ਰੰਥੀ ਸਿੰਘ ਨੂੰ ਪਾਵਨ ਸਰੂਪਾਂ ਦੇ ਦਰਸ਼ਨ ਕਰਨ, ਨਮੀ (Moisture) ਜਾਂ ਕਿਸੇ ਹੋਰ ਸੰਭਾਵਿਤ ਨੁਕਸਾਨ ਦੀ ਜਾਂਚ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਇਸ ਉੱਤੇ ਸੰਗਤ ਨੇ ਗੰਭੀਰ ਚਿੰਤਾ ਅਤੇ ਰੋਸ ਪ੍ਰਗਟ ਕੀਤਾ।

੨. ਸੰਗਤ ਨੇ ਨੋਟ ਕੀਤਾ ਕਿ ਪਾਵਨ ਸਰੂਪਾਂ ਨੂੰ ਅਜੇ ਤੱਕ ਮਰਿਆਦਾ ਅਨੁਸਾਰ ਉਚਿਤ ਪਲੰਗ ਸਾਹਿਬਾਂ ਉੱਤੇ ਸੁਸ਼ੋਭਿਤ ਨਹੀਂ ਕੀਤਾ ਗਿਆ, ਜਦਕਿ ਪ੍ਰਬੰਧਕਾਂ ਕੋਲ ਇਸ ਲਈ ਕਾਫ਼ੀ ਸਮਾਂ ਉਪਲਬਧ ਸੀ।

੩. ਮਰਿਆਦਾ ਦੀ ਸੰਭਾਵਿਤ ਉਲੰਘਣਾ ਅਤੇ ਸੰਭਾਲ ਸਬੰਧੀ ਉੱਠੇ ਗੰਭੀਰ ਸਵਾਲਾਂ ਨੂੰ ਦੇਖਦਿਆਂ ੨੨੫ ਪਾਵਨ ਸਰੂਪ ਤੁਰੰਤ ਕਿਸੇ ਯੋਗ ਪੰਥਕ ਗੁਰਦੁਆਰੇ ਜਾਂ ਬੀ.ਸੀ. ਗੁਰਦੁਆਰਾ ਕੌਂਸਲ ਦੀ ਨਿਗਰਾਨੀ ਹੇਠ ਸੁਰੱਖਿਅਤ ਢੰਗ ਨਾਲ ਸੌਂਪੇ ਜਾਣ।

੪. ਸਾਲ ੨੦੧੪ ਵਿੱਚ ਸਮੁੰਦਰੀ ਕੰਟੇਨਰ ਰਾਹੀਂ ਪਾਵਨ ਸਰੂਪ ਭੇਜਣ ਨੂੰ ਗਲਤ ਮੰਨਣ ਵਾਲੇ ਪੱਤਰ ਉੱਤੇ ਖੁਦ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਨੁਮਾਇੰਦਿਆਂ ਦੇ ਦਸਤਖ਼ਤ ਮੌਜੂਦ ਹਨ। ਇਸ ਲਈ ਹੁਣ ੨੦੦੯ ਦੇ ਪੱਤਰ ਦਾ ਹਵਾਲਾ ਦੇ ਕੇ ਇਸ ਪ੍ਰਕਿਰਿਆ ਨੂੰ ਜਾਇਜ਼ ਠਹਿਰਾਉਣਾ ਸੰਗਤ ਦੀ ਨਜ਼ਰ ਵਿੱਚ ਵਿਰੋਧਾਭਾਸੀ ਅਤੇ ਅਸਵੀਕਾਰਯੋਗ ਹੈ।

੫. ਪਾਵਨ ਸਰੂਪਾਂ ਦੀ ਪੂਰੀ, ਸੁਤੰਤਰ ਅਤੇ ਪਾਰਦਰਸ਼ੀ ਜਾਂਚ ਕਰਵਾਈ ਜਾਵੇ ਅਤੇ ਸੰਗਤ ਦੇ ਨੁਮਾਇੰਦਿਆਂ ਨੂੰ ਇਹ ਯਕੀਨੀ ਬਣਾਉਣ ਦਾ ਮੌਕਾ ਦਿੱਤਾ ਜਾਵੇ ਕਿ ਕਿਸੇ ਵੀ ਸਰੂਪ ਨੂੰ ਨਮੀ ਜਾਂ ਹੋਰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਹੋਇਆ।

੬. ਜੇਕਰ ਕਿਸੇ ਵੀ ਪਾਵਨ ਸਰੂਪ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਹੋਇਆ ਹੋਵੇ ਤਾਂ ਉਸ ਦੀ ਪੂਰੀ ਜ਼ਿੰਮੇਵਾਰੀ ਨਿਰਧਾਰਤ ਕਰਕੇ ਪੰਥਕ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇ।

੭. ਸੰਗਤ ਨੇ ਮਤਾ ਪਾਸ ਕੀਤਾ ਕਿ ੨੪ ਘੰਟਿਆਂ ਦੇ ਅੰਦਰ ੨੨੫ ਪਾਵਨ ਸਰੂਪ ਬੀ.ਸੀ. ਗੁਰਦੁਆਰਾ ਕੌਂਸਲ ਦੇ ਹਵਾਲੇ ਕੀਤੇ ਜਾਣ ਤਾਂ ਜੋ ਉਨ੍ਹਾਂ ਦੀ ਮਰਿਆਦਾ ਅਨੁਸਾਰ ਸੰਭਾਲ ਅਤੇ ਸੇਵਾ ਯਕੀਨੀ ਬਣਾਈ ਜਾ ਸਕੇ।

੮. ਸੰਗਤ ਵੱਲੋਂ ਇਹ ਭਾਵਨਾ ਵੀ ਪ੍ਰਗਟ ਕੀਤੀ ਗਈ ਕਿ ਜੇ ਅਸੀਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਗਤ ਜੋਤ, ਗੁਰੂਆਂ ਦੀ ਜੀਵੰਤ ਜੋਤ ਅਤੇ ਗੁਰੂ ਦਾ ਸਰੂਪ ਮੰਨਦੇ ਹਾਂ, ਤਾਂ ਕੀ ਕੋਈ ਮਨੁੱਖ ਖੁਦ ਦੋ ਮਹੀਨਿਆਂ ਤੱਕ ਕਿਸੇ ਸਮੁੰਦਰੀ ਕੰਟੇਨਰ ਵਿੱਚ ਰਹਿਣਾ ਸਵੀਕਾਰ ਕਰੇਗਾ, ਭਾਵੇਂ ਉਸ ਕੋਲ ਖਾਣ-ਪੀਣ ਅਤੇ ਹੋਰ ਸਾਰੀਆਂ ਸਹੂਲਤਾਂ ਹੀ ਕਿਉਂ ਨਾ ਹੋਣ? ਸੰਗਤ ਦਾ ਮਤ ਸੀ ਕਿ ਇਹ ਵਿਚਾਰ ਸਾਨੂੰ ਇਸ ਵਿਸ਼ੇ ਦੀ ਗੰਭੀਰਤਾ ਦਾ ਅਹਿਸਾਸ ਕਰਵਾਉਂਦਾ ਹੈ ਅਤੇ ਇਸ ਗੱਲ 'ਤੇ ਡੂੰਘੇ ਆਤਮ-ਚਿੰਤਨ ਦੀ ਲੋੜ ਹੈ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਆਵਾਜਾਈ ਹਮੇਸ਼ਾਂ ਸਰਵਉੱਚ ਮਰਿਆਦਾ, ਸਤਿਕਾਰ ਅਤੇ ਸ਼ਰਧਾ ਅਨੁਸਾਰ ਹੀ ਕੀਤੀ ਜਾਣੀ ਚਾਹੀਦੀ ਹੈ।

੯. ਬੇਨਤੀ ਹੈ ਕਿ ਇਸ ਅਤਿ ਗੰਭੀਰ ਮਸਲੇ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ। ਜੇਕਰ ਇਸ ਮਾਮਲੇ ਦੇ ਨਿਪਟਾਰੇ ਵਿੱਚ ਬੇਲੋੜੀ ਦੇਰੀ ਹੁੰਦੀ ਹੈ, ਤਾਂ ਸੰਗਤ ਵਿੱਚ ਤਣਾਅ ਅਤੇ ਟਕਰਾਅ ਪੈਦਾ ਹੋਣ ਦਾ ਗੰਭੀਰ ਖ਼ਦਸ਼ਾ ਹੈ। ਇਸ ਲਈ ਆਪ ਜੀ ਕੋਲ ਬੇਨਤੀ ਹੈ ਕਿ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਅਨੁਸਾਰ ਸਮੇਂ ਸਿਰ ਲੋੜੀਂਦੀ ਕਾਰਵਾਈ ਕਰਕੇ ਇਸ ਮਾਮਲੇ ਦਾ ਨਿਰਪੱਖ ਅਤੇ ਜਲਦੀ ਨਿਪਟਾਰਾ ਯਕੀਨੀ ਬਣਾਇਆ ਜਾਵੇ।

ਅਸੀਂ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਇਸ ਗੰਭੀਰ ਪੰਥਕ ਮਾਮਲੇ ਵਿੱਚ ਆਪ ਜੀ ਆਪਣੀ ਅਗਵਾਈ ਪ੍ਰਦਾਨ ਕਰੋ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੇਂ ਸਿਰ ਫੈਸਲਾ ਕਰਵਾਉਣ ਲਈ ਯਤਨ ਕਰੋ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਅਤੇ ਸਤਿਕਾਰ ਦੀ ਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਜਾਣ।

( ਨੋਟ:- ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਸ ਗੁਰੂ ਸਾਹਿਬਾਨ ਦੀ ਜਾਗਤ ਜੋਤ ਹਨ ਅਤੇ ਕਿਸੇ ਵੀ ਤਰੀਕੇ ਨਾਲ ਆਮ ਕਿਤਾਬਾਂ ਵਾਂਗ ਹੇਠ ਉੱਪਰ ਨਹੀਂ ਰੱਖਿਆ ਜਾ ਸਕਦਾ ਜਿਸ ਤਰਾਂ ਸਿੰਘ ਸਭਾ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਕੀਤਾ ਗਿਆ ਹੈ ਜਿਸ ਨਾਲ ਸੰਗਤ ਦੇ ਵਿੱਚ ਭਾਰੀ ਰੋਸ ਹੈ ਸੋ ਆਪ ਜੀ ਨੂੰ ਬੇਨਤੀ ਹੈ ਕਿ ਆਪ ਆਪਣੇ ਅਧਿਕਾਰਾਂ ਦੀ ਵਰਤੋਂ ਕਰਕੇ ੨੪ ਘੰਟੇ ਦੇ ਅੰਦਰ ਇਸ ਮਸਲੇ ਦਾ ਹੱਲ ਕੀਤਾ ਜਾਵੇ ਤਾਂ ਜੋ ਸੰਗਤਾਂ ਦੇ ਆਪਸੀ ਟਕਰਾਅ ਨੂੰ ਟਾਲਿਆ ਜਾ ਸਕੇ)

ਵਾਹਿਗੁਰੂ ਜੀ ਸਮੂਹ ਪੰਥ ਨੂੰ ਗੁਰੂ ਸਾਹਿਬ ਦੀ ਮਰਿਆਦਾ ਅਨੁਸਾਰ ਚੱਲਣ ਦੀ ਸਮਝ, ਬਿਬੇਕ ਅਤੇ ਤਾਕਤ ਬਖ਼ਸ਼ਣ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਅਕਾਲ ਸਹਾਇ।

| | | |
|---|---|---|
| ਭਾਈ ਮੋਨਿੰਦਰ ਸਿੰਘ | ਭਾਈ ਅਮਰਜੀਤ ਸਿੰਘ ਮਾਨ | ਭਾਈ ਸੰਤੋਖ ਸਿੰਘ ਖੇਲਾ |
| ਬ੍ਰਿਟਿਸ਼ ਕੋਲੰਬੀਆ ਗੁਰਦੁਆਰਾ ਕੌਂਸਲ | ਓਂਟਾਰੀਓ ਗੁਰਦੁਆਰਾ ਕਮੇਟੀ | ਕਿਊਬੈਕ ਸਿੱਖ ਕੌਂਸਲ |